ਵਿਦੇਸ਼ ਮੰਤਰਾਲਾ ਵੱਲੋਂ ਸਵੱਛਤਾ ਲਈ 'ਵਿਸ਼ੇਸ਼ ਮੁਹਿੰਮ 6' ਦੇ ਤਿਆਰੀ ਪੜਾਅ ਦੀ ਸ਼ੁਰੂਆਤ

ਭਾਰਤ ਸਰਕਾਰ ਵੱਲੋਂ "ਸਵੱਛਤਾ ਲਈ ਵਿਸ਼ੇਸ਼ ਮੁਹਿੰਮ 6" ਦੇ ਐਲਾਨ ਦੇ ਮੱਦੇਨਜ਼ਰ, ਵਿਦੇਸ਼ ਮੰਤਰਾਲੇ ਨੇ ਆਪਣੇ ਸਾਰੇ ਦਫ਼ਤਰਾਂ - ਜਿਨ੍ਹਾਂ ਵਿੱਚ ਵਿਦੇਸ਼ਾਂ ਵਿੱਚ ਸਥਿਤ ਭਾਰਤੀ ਮਿਸ਼ਨ/ਪੋਸਟਾਂ ਅਤੇ ਖੇਤਰੀ ਪਾਸਪੋਰਟ ਦਫ਼ਤਰ ਸ਼ਾਮਲ ਹਨ - ਵਿੱਚ ਇੱਕ ਮੁਹਿੰਮ ਸ਼ੁਰੂ ਕੀਤੀ ਹੈ। ਇਹ ਮੁਹਿੰਮ ਦੋ ਪੜਾਵਾਂ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ। 15 ਸਤੰਬਰ 2026 ਤੋਂ 30 ਸਤੰਬਰ 2026 ਤੱਕ ਚੱਲਣ ਵਾਲੇ 'ਤਿਆਰੀ ਪੜਾਅ' ਤੋਂ ਬਾਅਦ 2 ਅਕਤੂਬਰ 2026 ਤੋਂ 31 ਅਕਤੂਬਰ 2026 ਤੱਕ 'ਲਾਗੂਕਰਨ ਪੜਾਅ' ਚੱਲੇਗਾ।

2. ਤਿਆਰੀ ਪੜਾਅ ਦੌਰਾਨ, ਮੰਤਰਾਲਾ ਆਪਣੇ ਸਾਰੇ ਦਫ਼ਤਰਾਂ (ਵਿਦੇਸ਼ਾਂ ਵਿੱਚ ਮਿਸ਼ਨਾਂ/ਪੋਸਟਾਂ ਅਤੇ ਖੇਤਰੀ ਪਾਸਪੋਰਟ ਦਫ਼ਤਰਾਂ ਸਮੇਤ) ਲਈ ਇੱਕ ਵਿਆਪਕ ਕਾਰਜ-ਯੋਜਨਾ ਤਹਿਤ ਟੀਚੇ ਨਿਰਧਾਰਤ ਕਰ ਰਿਹਾ ਹੈ, ਇਹਨਾਂ ਟੀਚਿਆਂ ਵਿੱਚ ਰਿਕਾਰਡ ਦੀ ਸਮੀਖਿਆ, ਲੰਬਿਤ ਸ਼ਿਕਾਇਤਾਂ, ਸੰਸਦ ਮੈਂਬਰਾਂ/ਰਾਜ ਸਰਕਾਰਾਂ ਦੇ ਹਵਾਲੇ ਅਤੇ ਸੰਸਦੀ ਭਰੋਸੇ, ਸਵੱਛਤਾ, ਦਫ਼ਤਰ ਪ੍ਰਬੰਧਨ ਅਤੇ ਦਫ਼ਤਰੀ ਥਾਂ ਦੀ ਸੁੰਦਰੀਕਰਨ ਵਰਗੇ ਪਹਿਲੂ ਸ਼ਾਮਲ ਹਨ।

3. ਇਹਨਾਂ ਗਤੀਵਿਧੀਆਂ ਤੋਂ ਇਲਾਵਾ, ਮੰਤਰਾਲਾ ਈ-ਵੇਸਟ ਦੀ ਪਛਾਣ ਕਰਨ ਅਤੇ ਉਸ ਦੇ ਨਿਪਟਾਰੇ, ਅਤੇ ਨਾਲ ਹੀ ਆਪਣੇ ਸਾਰੇ ਦਫ਼ਤਰਾਂ ਵਿੱਚ ਸਵੱਛਤਾ ਬਾਰੇ ਜਾਗਰੂਕਤਾ ਗਤੀਵਿਧੀਆਂ ਚਲਾਉਣ 'ਤੇ ਵੀ ਧਿਆਨ ਕੇਂਦਰਿਤ ਕਰੇਗਾ।

4. ਇਸ ਤੋਂ ਬਾਅਦ, 2 ਅਕਤੂਬਰ 2026 ਤੋਂ 31 ਅਕਤੂਬਰ 2026 ਤੱਕ ਲਾਗੂਕਰਨ ਪੜਾਅ ਸ਼ੁਰੂ ਹੋਵੇਗਾ, ਜਿਸ ਦੌਰਾਨ ਤਿਆਰੀ ਪੜਾਅ ਵਿੱਚ ਚਿੰਨ੍ਹਿਤ ਕੀਤੀਆਂ ਗਈਆਂ ਗਤੀਵਿਧੀਆਂ ਨੂੰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰਾ ਕੀਤਾ ਜਾਵੇਗਾ। ਇਹਨਾਂ ਵਿੱਚ ਚਿੰਨ੍ਹਿਤ ਸਥਾਨਾਂ 'ਤੇ ਸਵੱਛਤਾ ਮੁਹਿੰਮਾਂ, ਪੁਰਾਣੇ ਰਿਕਾਰਡ ਅਤੇ ਸਕ੍ਰੈਪ (ਰੱਦੀ) ਦਾ ਨਿਪਟਾਰਾ, ਜਗ੍ਹਾ ਖਾਲੀ ਕਰਨਾ, ਚਿੰਨ੍ਹਿਤ ਲੰਬਿਤ ਮਾਮਲਿਆਂ ਦਾ ਹੱਲ ਅਤੇ ਦਫ਼ਤਰੀ ਅਹਾਤੇ ਤੇ ਸਾਂਝੀਆਂ ਥਾਵਾਂ ਵਿੱਚ ਸੁਧਾਰ ਕਰਨਾ ਸ਼ਾਮਲ ਹੋਵੇਗਾ। ਮੁਹਿੰਮ ਦੀ ਪ੍ਰਗਤੀ ਦੀ ਨਿਗਰਾਨੀ ਚੁਕਵੇਂ ਤਰੀਕਿਆਂ ਰਾਹੀਂ ਕੀਤੀ ਜਾਵੇਗੀ।

5. ਸਵੱਛਤਾ ਲਈ 'ਵਿਸ਼ੇਸ਼ ਮੁਹਿੰਮ 6' ਰਾਹੀਂ, ਵਿਦੇਸ਼ ਮੰਤਰਾਲੇ ਦੇ ਸਾਰੇ ਅਧਿਕਾਰੀ ਸਾਫ਼-ਸੁਥਰੇ ਅਤੇ ਕੁਸ਼ਲ ਕੰਮ-ਕਾਜੀ ਮਾਹੌਲ ਨੂੰ ਬਣਾਈ ਰੱਖਣ, ਲੰਬਿਤ ਕੰਮਾਂ ਨੂੰ ਘਟਾਉਣ ਅਤੇ ਸਰਕਾਰੀ ਸਾਧਨਾਂ ਦੀ ਸਰਵੋਤਮ ਵਰਤੋਂ ਯਕੀਨੀ ਬਣਾਉਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਵਿਹਾਰਕ ਅਤੇ ਅਰਥਪੂਰਨ ਢੰਗ ਨਾਲ ਅਮਲ ਵਿੱਚ ਲਿਆਉਣਾ ਜਾਰੀ ਰੱਖਣਗੇ।

ਨਵੀਂ ਦਿੱਲੀ

23 ਸਤੰਬਰ 2026